ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)
(ਕਾਲਜ ਸੈਕਸ਼ਨ)

ਨੰ...................../ਸ-1
ਮਿਤੀ....................

ਈ-ਮੇਲ

ਯੂਨੀਵਰਸਿਟੀ ਨਾਲ ਸੰਬੰਧਤ
ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ।

ਵਿਸ਼ਾ:- ਖਿਡਾਰੀ ਵਿਦਿਆਰਥੀਆਂ ਦੇ ਦਾਖਲੇ ਸੰਬੰਧੀ ਜ਼ਰੂਰੀ ਹਦਾਇਤਾਂ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿਚ ਵਾਈਸ ਚਾਂਸਲਰ ਸਾਹਿਬ ਵਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਹੋਏ ਆਦੇਸ਼ਾਂ ਦੀ ਲੋਅ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਖਿਡਾਰੀਆਂ ਦੇ ਦਾਖਲੇ ਯੂਨੀਵਰਸਿਟੀ ਵਲੋਂ ਨਿਰਧਾਰਿਤ ਸ਼ਡਿਊਲ ਅਨੁਸਾਰ ਹੀ ਕੀਤੇ ਜਾਣ। ਇਨ੍ਹਾਂ ਵਿਦਿਆਰਥੀਆਂ ਦੇ ਟ੍ਰੇਨਿੰਗ/ਕੈਂਪ ਤੇ ਜਾਣ ਤੋਂ ਪਹਿਲਾਂ ਸੰਬੰਧਤ ਕਾਲਜ ਵਲੋਂ ਦਾਖਲਿਆਂ ਦੀ ਕਾਰਵਾਈ ਕਰ ਲਈ ਜਾਵੇ।ਨਿਰਧਾਰਿਤ ਸ਼ਡਿਊਲ ਉਪਰੰਤ ਖਿਡਾਰੀ ਵਿਦਿਆਰਥੀਆਂ ਦੇ ਕੇਸ ਨਹੀਂ ਵਿਚਾਰੇ ਜਾਣਗੇ।ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਖਿਡਾਰੀ ਵਿਦਿਆਰਥੀਆਂ ਦੇ ਦਾਖਲਿਆਂ ਦੀ ਪ੍ਰਵਾਨਗੀ ਯੂਨੀਵਰਸਿਟੀ ਨਿਯਮਾਂ ਅਨੁਸਾਰ ਸੰਬੰਧਤ ਅਧਿਕਾਰੀ ਤੋਂ ਹੀ ਲਈ ਜਾਵੇ ਅਤੇ ਕੇਵਲ ਡਾਇਰੈਕਟਰ, ਸਪੋਰਟਸ ਵਲੋਂ ਦਿੱਤੀ ਪ੍ਰਵਾਨਗੀ ਮੰਨਣਯੋਗ ਨਹੀਂ ਹੋਵੇਗੀ।

ਵਿਸ਼ਵਾਸਪਾਤਰ।

ਸਹਾਇਕ ਰਜਿਸਟਰਾਰ (ਕਾਲਜਾਂ)

ਪਿੱਠ ਅੰਕਣ ਨੰ: 17952-17953 ਮਿਤੀ 5/7/2016

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਜਾਣਕਾਰੀ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

2761/UCC
5/7/16

1. ਡਾਇਰੈਕਟਰ, ਸਪੋਰਟਸ
2. ਡਾਇਰੈਕਟਰ, ਕੰਪਿਊਟਰ ਸੈਂਟਰ (ਯੂਨੀਵਰਸਿਟੀ ਸਾਈਟ ਤੇ ਅਪਲੋਡ ਕਰਨ ਹਿਤ ਜੀ)

5/7/16
ਸਹਾਇਕ ਰਜਿਸਟਰਾਰ (ਕਾਲਜਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ।